# ਪੰਜਾਬ ਸਕੂਲ ਸਿੱਖਿਆ ਬੋਰਡ
## (ਪ੍ਰੈੱਸ ਨੋਟ)

## ਸਕੂਲ ਬੋਰਡ ਨੇ 11ਵੀਂ ਅਤੇ 12ਵੀਂ ਦੇ ਇਤਿਹਾਸ ਵਿਸ਼ੇ ਦਾ ਇੱਕ-ਇੱਕ ਚੈਪਟਰ ਅੱਪਲੋਡ ਕੀਤਾ

ਐੱਸ.ਏ.ਐੱਸ. ਨਗਰ 01 ਅਗਸਤ ( ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਇਤਿਹਾਸ ਵਿਸ਼ੇ ਨਾਲ ਸਬੰਧਿਤ ਦੋ ਚੈਪਟਰ ਅੱਜ ਬੋਰਡ ਦੀ ਵੈੱਬਸਾਈਟ ਤੇ ਅੱਪਲੋਡ ਕਰ ਦਿੱਤੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਸ੍ਰੀ ਮਨੋਹਰ ਕਾਂਤ ਕਲੋਹੀਆ ਨੇ ਦੱਸਿਆ ਕਿ ਬੋਰਡ ਵੱਲੋਂ ਇਤਿਹਾਸ ਦੀ ਪੁਸਤਕ ਸਬੰਧੀ ਪੰਜਾਬ ਸਰਕਾਰ ਵੱਲੋਂ ਗਠਿਤ ਓਵਰਸਾਈਟ ਕਮੇਟੀ ਦੁਆਰਾ ਤਿਆਰ ਕੀਤੇ ਗਏ ਚੈਪਟਰ, ਗਿਆਰ੍ਹਵੀਂ ਜਮਾਤ ਦਾ 'ਇੰਡਸ ਵੈਲੀ ਸਿਵਿਲਾਈਜੇਸਨ' ਅਤੇ ਬਾਰ੍ਹਵੀਂ ਦਾ 'ਪੰਜਾਬ ਦੀ ਰਾਜਨੀਤੀ, ਸਮਾਜ ਤੇ ਧਰਮ' ਨਾਂ ਦਾ ਇੱਕ-ਇੱਕ ਚੈਪਟਰ ਬੋਰਡ ਦੀ ਵੈੱਬਸਾਈਟ www.pseb.ac.in ਤੇ ਅੱਜ ਅੱਪਲੋਡ ਕਰ ਦਿੱਤੇ ਗਏ ਹਨ।

ਸ੍ਰੀ ਕਲੋਹੀਆ ਨੇ ਦੱਸਿਆ ਕਿ ਅਧਿਆਪਕ ਅਤੇ ਵਿਦਿਆਰਥੀ ਬੋਰਡ ਦੀ ਵੈੱਬਸਾਈਟ ਤੋਂ ਇਹ ਚੈਪਟਰ ਪੜ੍ਹ ਸਕਦੇ ਹਨ ਅਤੇ ਇਸ ਦਾ ਪ੍ਰਿੰਟ ਕਢਵਾ ਕੇ ਇਤਿਹਾਸ ਵਿਸ਼ੇ ਦੀ ਆਪਣੀ ਪੜ੍ਹਾਈ ਜਾਰੀ ਰੱਖ ਸਕਦੇ ਹਨ।

ਸ੍ਰੀ ਕਲੋਹੀਆ ਨੇ ਅੱਗੇ ਜਾਣਕਾਰੀ ਦਿੰਦਿਆਂ ਕਿਹਾ ਕਿ ਬਾਰ੍ਹਵੀਂ ਦਾ ਇਹ ਚੈਪਟਰ ਪੰਜਾਬੀ ਅਤੇ ਅੰਗਰੇਜੀ ਵਿੱਚ ਅਤੇ ਗਿਆਰ੍ਹਵੀਂ ਦਾ ਚੈਪਟਰ ਅੰਗਰੇਜੀ ਭਾਸ਼ਾ ਵਿੱਚ ਬੋਰਡ ਦੀ ਵੈੱਬਸਾਈਟ ਤੇ ਉਪਲਬਧ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਬੋਰਡ ਦੇ ਡਾਇਰੈਕਟਰ ਅਕਾਦਮਿਕ ਮਨਜੀਤ ਕੌਰ ਨੇ ਦੱਸਿਆ ਕਿ ਗਿਆਰ੍ਹਵੀਂ ਦਾ ਚੈਪਟਰ ਪੰਜਾਬੀ ਭਾਸ਼ਾ 'ਚ ਕੱਲ ਨੂੰ ਅੱਪਲੋਡ ਕਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਬਾਕੀ ਰਹਿੰਦੇ ਚੈਪਟਰ ਵੀ ਲਗਾਤਾਰ ਬੋਰਡ ਦੀ ਵੈੱਬਸਾਈਟ ਤੇ ਜਲਦ ਅੱਪਲੋਡ ਹੁੰਦੇ ਰਹਿਣਗੇ ਅਤੇ ਇਹਨਾਂ ਦੀ ਜਾਣਕਾਰੀ ਮੀਡੀਆ ਰਾਹੀਂ ਸਬੰਧਤਾਂ ਤੱਕ ਪਹੁੰਚਦੀ ਰਹੇਗੀ।

ਮਿਤੀ:-01-08-2018

ਕੋਮਲ ਸਿੰਘ (ਲੋਕ ਸੰਪਰਕ ਦਫ਼ਤਰ)
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner